بِسْمِ اللّٰہِ الرَّحْمٰنِ الرَّحِیْمِ    نَحْمَدُہٗ وَنُصَلِّیْ عَلٰی رَسُوْلِہِ الْکَرِیْمِ    وَعَلٰی عَبْدِہِ الْمَسِیْحِ الْمَوْعُوْد
لَا اِلٰہَ اِلَّا اللّٰہُ مُحَمَّدٌ رَّسُوْلُ اللّٰہِ
دفتر مجلس انصار اللہ بھارت
Office Of The Majlis Ansarullah Bharat
Mohallah Ahmadiyya Qadian-143516, Distt.Gurdaspur (Punjab) INDIA
Mob: +919682536974, E-Mail: ansarullah@qadian.in    ਮੁਹੱਲਾ ਅਹਮਦੀਆ ਕਾਦੀਆਂ,ਜ਼ਿਲ੍ਹਾ ਗੁਰਦਾਸਪੁਰ (ਪੰਜਾਬ)

# ਸੱਚਾਈ ਦੇ ਹਵਾਲੇ ਨਾਲ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਦੀ ਮੁਬਾਰਕ ਸੀਰਤ ਦਾ ਇਮਾਨ ਅਫ਼ਰੋਜ਼ ਤਜ਼ਕਿਰਾ।

ਸੰਖੇਪ ਵਿਵਰਨ ਖ਼ੁਤਬਾ ਜੁਮਆ ਹਜ਼ਰਤ ਮਿਰਜ਼ਾ ਮਸਰੂਰ ਅਹਮਦ ਖ਼ਲੀਫ਼-ਤੁਲ-ਮਸੀਹ ਅਲ-ਖ਼ਾਮਿਸ ਅੱਯਦਾਹੁੱਲਾਹੁ ਤਆਲਾ ਬਿਨਸ੍-ਰਿਹਿਲ੍ ਅਜ਼ੀਜ਼, 17 ਅਪ੍ਰੈਲ 2026 ਈ:, ਮਸਜਿਦ ਮੁਬਾਰਕ, ਇਸਲਾਮਾਬਾਦ ਟਿਲਫ਼ੋਰਡ, ਯੂ.ਕੇ.

أَشْهَدُ أَنْ لَّآ إِلٰهَ إِلَّا اللّٰهُ وَحْدَهٗ لَا شَرِيْكَ لَهٗ وَأَشْهَدُ أَنَّ مُحَمَّدًا عَبْدُهٗ وَرَسُوْلُهٗ ۞ أَمَّا بَعْدُ فَأَعُوْذُ بِاللّٰهِ مِنَ الشَّيْطٰنِ الرَّجِيْمِ ۞ بِسْمِ اللّٰهِ الرَّحْمٰنِ الرَّحِيْمِ ۞ اَلْحَمْدُ لِلّٰهِ رَبِّ الْعٰلَمِيْنَ ۞ اَلرَّحْمٰنِ الرَّحِيْمِ ۞ مٰلِكِ يَوْمِ الدِّيْنِ ۞ إِيَّاكَ نَعْبُدُ وَإِيَّاكَ نَسْتَعِيْنُ ۞ إِهْدِنَا الصِّرَاطَ الْمُسْتَقِيْمَ ۞ صِرَاطَ الَّذِيْنَ أَنْعَمْتَ عَلَيْهِمْ ۙ غَيْرِ الْمَغْضُوْبِ عَلَيْهِمْ وَلَا الضَّآلِّيْنَ ۞

**ਤਸ਼ੱਹੁਦ**, **ਤਅੱਵੁਜ਼** ਅਤੇ **ਸੂਰਤ ਫ਼ਾਤਿਹਾ** ਦੀ ਤਿਲਾਵਤ ਤੋਂ ਬਾਅਦ ਹਜ਼ੂਰ ਅਨਵਰ ਅੱਯਦਾ ਹੁੱਲਾਹੁ ਤਆਲਾ ਬਿਨਸ੍-ਰਿਹਿਲ੍ ਅਜ਼ੀਜ਼ ਨੇ ਸੂਰਃ ਯੂਨੁਸ ਦੀ ਆਯਤ 17 ਅਤੇ 18 ਦੀ ਤਿਲਾਵਤ ਕੀਤੀ ਅਤੇ ਫ਼ਰਮਾਇਆ ਇਨ੍ਹਾਂ ਆਯਤਾਂ ਦਾ ਅਨੁਵਾਦ ਇਹ ਹੈ ਕਿ ਅਤੇ ਤੂੰ ਉਨ੍ਹਾਂ ਨੂੰ ਕਹਿ ਦੇ ਕਿ ਅੱਲਾਹ ਦੀ ਇਹੀ ਮਰਜ਼ੀ ਹੁੰਦੀ ਹੈ ਕਿ ਇਸ ਦੀ ਜਗ੍ਹਾ ਕੋਈ ਹੋਰ ਸਿੱਖਿਆ ਦਿੱਤੀ ਜਾਂਦੀ ਤਾਂ ਮੈਂ ਉਸ ਨੂੰ ਤੁਹਾਡੇ ਸਾਹਮਣੇ ਪੜ੍ਹ ਕੇ ਨਾ ਸੁਣਾਉਂਦਾ ਅਤੇ ਨਾ ਤੁਹਾਨੂੰ ਇਸ ਸਿੱਖਿਆ ਤੋਂ ਆਗਾਹ ਕਰਦਾ। ਚੁਨਾਂਚਿ ਇਸ ਤੋਂ ਪਹਿਲਾਂ ਮੈਂ ਤੁਹਾਡੇ ਵਿੱਚ ਇੱਕ ਲੰਮਾ ਅਰਸਾ ਲੰਘਾ ਚੁੱਕਿਆ ਹਾਂ, ਕੀ ਫਿਰ ਵੀ ਤੁਸੀਂ ਅਕ਼ਲ ਤੋਂ ਕੰਮ ਨਹੀਂ ਲੈਂਦੇ। ਫਿਰ ਤੁਸੀਂ ਹੀ ਦੱਸੋ ਕਿ ਜਿਹੜਾ ਅੱਲਾਹ ਤਆਲਾ ‘ਤੇ **ਇਲਜ਼ਾਮ** ਲਾਵੇ ਜਾਂ ਉਸ ਦੇ ਨਿਸ਼ਾਨਾਂ ਨੂੰ **ਝੁਠਲਾਵੇ** ਉਸ ਤੋਂ ਵਧ ਕੇ ਕੌਣ ਜ਼ਾਲਿਮ ਹੋਵੇਗਾ। ਗ਼ਰਜ਼ ਇਹ ਯਕੀਨੀ ਗੱਲ ਹੈ ਕਿ ਮੁਜਰਿਮ ਲੋਕ ਕਾਮਯਾਬ ਨਹੀਂ ਹੁੰਦੇ।

ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਦੀ ਸੀਰਤ ਦੇ ਵੱਖ ਵੱਖ ਪਹਿਲੂਆਂ ਦਾ ਜ਼ਿਕਰ ਹੋ ਰਿਹਾ ਹੈ। ਅੱਜ ਆਪ ﷺ ਦੀ **ਸਦਾਕ਼ਤ**, **ਸੱਚਾਈ** ਅਤੇ **ਰਾਸ੍ਤਬਾਜ਼ੀ** ਦੇ ਬਾਰੇ ਜ਼ਿਕਰ ਹੋਵੇਗਾ।

ਆਪ ﷺ ਦੀ ਸੀਰਤ ਦੇ ਵਾਕ਼ਿਆਤ ਵਿੱਚ ਆਪ ﷺ ਦੀ ਸਦਾਕ਼ਤ ਦੀਆਂ ਬੁਲੰਦ ਤਰੀਨ ਮਿਸਾਲਾਂ ਮਿਲਦੀਆਂ ਹਨ। ਦੁਸ਼ਮਣ ਵੀ ਆਪ ﷺ ਦੀ ਰਾਸ੍ਤਬਾਜ਼ੀ ਦੇ ਬੁਲੰਦ ਤਰੀਨ ਮਿਆਰ ਦਾ ਇਕ਼ਰਾਰ ਕੀਤੇ ਬਿਨਾ ਨਹੀਂ ਰਹਿ ਸਕਦਾ। ਆਪ ﷺ ਨੇ ਆਪਣੇ ਮੰਨਣ ਵਾਲਿਆਂ ਨੂੰ ਵੀ ਇਹੀ ਨਸੀਹਤ ਫ਼ਰਮਾਈ ਕਿ ਸੱਚਾਈ ਦੇ ਉੱਚੇ ਤਰੀਨ ਮਿਆਰ ਕ਼ਾਇਮ ਕਰੋ। ਬਸ ਅੱਜ ਇਸ ਹਵਾਲੇ ਨਾਲ ਸਾਨੂੰ ਸਭ ਨੂੰ ਆਪਣੇ ਆਪਣੇ ਜਾਇਜ਼ੇ ਲੈਣ ਦੀ ਲੋੜ ਹੈ। ਇਹ ਸੱਚਾਈ ਦੇ ਬੁਲੰਦ ਤਰੀਨ ਮਿਆਰ ਹੀ ਹਨ ਜਿਹੜੇ ਸਾਡੀ ਜ਼ਿੰਦਗੀ ਦੇ ਹਰ ਲਮਹੇ ਵਿੱਚ ਕਾਮਯਾਬੀ ਦੀ **ਜ਼ਮਾਨਤ** ਹਨ। ਇਸੇ ਤਰ੍ਹਾਂ ਸਾਡੇ ਲਈ **ਤਬਲੀਗ਼** ਦੇ ਰਸਤੇ ਵੀ ਖੋਲ੍ਹਣ ਵਾਲੇ ਹਨ।

ਹਜ਼ੂਰ ਅਨਵਰ ਨੇ ਫ਼ਰਮਾਇਆ: ਨਬੀ ਕਰੀਮ ﷺ ਦੀ ਪਾਕ ਜ਼ਿੰਦਗੀ ਦਾ ਤਜ਼ਕਿਰਾ ਕਰਦੇ ਹੋਏ ਹਜ਼ਰਤ ਮੁਸਲਿਹ ਮੌਊਦ ਰਜ਼ਿ ਅੱਲਾਹੁ ਅਨਹੁ ਨੇ ਇੱਕ ਜਗ੍ਹਾ ਫ਼ਰਮਾਇਆ ਹੈ ਕਿ ਅਸੀਂ ਨਬੀ ਕਰੀਮ ﷺ ਦੇ ਬਾਰੇ ਦੇਖਦੇ ਹਾਂ ਕਿ ਆਪ ﷺ ਦੇ ਦੁਸ਼ਮਣਾਂ ਨੇ ਵੀ ਇਕ਼ਰਾਰ ਕੀਤਾ ਹੈ ਕਿ ਆਪ ﷺ **ਸਾਦਿਕ਼** (ਹਮੇਸ਼ਾ ਸੱਚ ਬੋਲਣ ਵਾਲੇ) ਅਤੇ **ਅਮੀਨ** (ਅਮਾਨਤ ਦਾ ਖ਼ਿਆਲ ਰੱਖਣ ਵਾਲੇ) ਸਨ ਅਤੇ ਉਨ੍ਹਾਂ ਨੇ ਕੋਈ ਇਲਜ਼ਾਮ ਨਾ ਲਾਇਆ। ਦੁਸ਼ਮਣ ਨੇ ਵੀ ਆਪ ﷺ ਦੀ **ਸੱਚਾਈ** ਅਤੇ **ਪਵਿੱਤਰਤਾ** ਦੀ ਗਵਾਹੀ ਦਿੱਤੀ। ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਦੀ ਕਿਹੜੀ ਚੀਜ਼ ਸੀ ਜਿਹੜੀ ਵਿਰੋਧੀਆਂ ‘ਤੇ ਅਸਰ ਕਰਦੀ ਸੀ। ਉਹ ਕ਼ੁਰਆਨ ਕਰੀਮ ਤੋਂ ਸ਼ੁਰੂ ਵਿੱਚ ਪ੍ਰਭਾਵਿਤ ਨਹੀਂ ਹੋਏ ਬਲਕਿ ਉਹ ਹਜ਼ਰਤ ਮੁਹੰਮਦ ﷺ ਦੀ ਪਹਿਲੀ ਜ਼ਿੰਦਗੀ ਸੀ, ਆਪ ﷺ ਉਨ੍ਹਾਂ ਵਿੱਚ ਰਹੇ ਆਪ ﷺ ਦੀ **ਦਿਆਨਤ**,

**ਰਾਸ੍ਤਬਾਜ਼ੀ** ਅਤੇ ਲੋਕਾਂ ਨਾਲ਼ **ਹਮਦਰਦੀ** ਅਤੇ **ਕੁਰਬਾਨੀ** ਸੀ ਜਿਹੜੀ ਉਨ੍ਹਾਂ ਲੋਕਾਂ 'ਤੇ ਅਸਰ ਪੈਦਾ ਕਰਦੀ ਸੀ। ਦਾਅਵੇ ਤੋਂ ਪਹਿਲਾਂ ਆਪ ﷺ ਉਨ੍ਹਾਂ ਨੂੰ ਸ਼ਿਰਕ ਤੋਂ ਮਨ੍ਹਾ ਨਹੀਂ ਕਰਦੇ ਸਨ ਕਿਉਂਕਿ **ਹੁਕਮਿ ਖ਼ੁਦਾਵੰਦੀ** ਨਹੀਂ ਸੀ ਪਰ ਆਪ ﷺ ਖ਼ੁਦ ਮੁਸ਼ਰਿਕ ਨਹੀਂ ਸਨ। ਬਸ ਆਪ ﷺ ਦੇ ਤੌਰ ਤਰੀਕ਼ੇ ਦੀ ਖ਼ੂਬੀ ਹੀ ਸੀ ਜਿਸ ਦਾ ਅਸਰ ਸੀ।

ਹਜ਼ਰਤ ਅਕ਼ਦਸ ਮਸੀਹ ਮੌਊਦ ਅਲੈਹਿੱਸ੍ ਸਲਾਮ ਫ਼ਰਮਾਉਂਦੇ ਹਨ ਕਿ ਖ਼ੁਦਾ ਤਆਲਾ ਨੇ ਸਾਡੇ ਆਕ਼ਾ, ਆਖ਼ਰੀ ਜ਼ਮਾਨੇ ਦੇ ਨਬੀ ਜਿਹੜੇ ਸਭ ਮੁੱਤਕ਼ਿਆਂ ਦੇ ਸਰਦਾਰ ਸਨ, ਨੂੰ ਭਾਂਤ ਭਾਂਤ ਦੇ ਸਮਰਥਨ ਨਾਲ਼ ਫ਼ਤਿਹਮੰਦ ਕੀਤਾ। ਭਾਵੇਂ ਸ਼ੁਰੂਆਤ ਵਿੱਚ ਹਜ਼ਰਤ ਮੂਸਾ ؑ ਅਤੇ ਹਜ਼ਰਤ ਈਸਾ ؑ ਦੀ ਤਰ੍ਹਾਂ **ਹਿਜਰਤ ਦਾ ਦਾਗ਼** ਆਪ ﷺ ਦੇ ਵੀ ਨਸੀਬ ਵਿੱਚ ਹੋਇਆ ਪਰ ਉਹੀ ਹਿਜਰਤ **ਫ਼ਤਿਹ** ਅਤੇ **ਨੁਸਰਤ** ਆਪਣੇ ਅੰਦਰ ਰੱਖਦੀ ਸੀ। ਸੋ ਐ ਦੋਸਤੋ! ਯਕ਼ੀਨਨ ਸਮਝੋ ਕਿ ਮੁੱਤਕ਼ੀ ਕਦੀ ਬਰਬਾਦ ਨਹੀਂ ਕੀਤਾ ਜਾਂਦਾ। ਜਦ ਦੋ ਗਿਰੋਹ ਆਪਸ ਵਿੱਚ ਦੁਸ਼ਮਣੀ ਕਰਦੇ ਹਨ ਅਤੇ ਝਗੜੇ ਨੂੰ ਇੰਤਿਹਾ ਤੱਕ ਪਹੁੰਚਾਉਂਦੇ ਹਨ ਤਾਂ ਉਹ ਗਿਰੋਹ ਜਿਹੜਾ ਖ਼ੁਦਾ ਦੀ ਨਜ਼ਰ ਵਿੱਚ **ਮੁੱਤਕ਼ੀ** ਅਤੇ **ਪਰਹੇਜ਼ਗਾਰ** ਹੁੰਦਾ ਹੈ, ਆਸਮਾਨ ਤੋਂ ਉਸ ਦੇ ਲਈ ਮਦਦ ਨਾਜ਼ਿਲ ਹੁੰਦੀ ਹੈ। ਇਸ ਤਰ੍ਹਾਂ ਆਸਮਾਨੀ ਫ਼ੈਸਲੇ ਨਾਲ਼ ਮਜ਼ਹਬੀ ਝਗੜਿਆਂ ਦਾ ਫ਼ੈਸਲਾ ਹੋ ਜਾਂਦਾ ਹੈ।

ਅੱਲਾਹ ਸਾਡੇ ਨਬੀ ﷺ ਨੂੰ ਮੁਖ਼ਾਤਿਬ ਕਰਕੇ ਫ਼ਰਮਾਉਂਦਾ ਹੈ وَإِنَّكَ لَعَلَىٰ خُلُقٍ عَظِيمٍ ਯਾਨੀ ਤੂੰ ਇੱਕ ਬਜ਼ੁਰਗ ਖ਼ੁਲਕ਼ 'ਤੇ ਕ਼ਾਇਮ ਹੈਂ। ਯਾਨੀ ਸਾਰੀਆਂ ਅਖ਼ਲਾਕ਼ ਦੀਆਂ ਕ਼ਿਸਮਾਂ ਤੇਰੇ ਵਿੱਚ ਜਮ੍ਹਾ ਹਨ।

ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਸੱਚਾਈ ਨੂੰ ਦੁਨੀਆ ਵਿੱਚ ਫੈਲਾਉਣ ਲਈ ਆਏ ਸਨ। ਇਸ ਲਈ ਵੱਖ-ਵੱਖ ਮੌਕ਼ਿਆਂ 'ਤੇ ਆਪ ﷺ ਨੇ ਆਪਣੇ ਮੰਨਣ ਵਾਲਿਆਂ ਨੂੰ ਵੀ ਸੱਚਾਈ ਇਖ਼ਤਿਆਰ ਕਰਨ ਦੀ ਤਲਕ਼ੀਨ ਫ਼ਰਮਾਈ ਹੈ। ਇੱਕ ਮੌਕ਼ੇ 'ਤੇ ਆਪ ﷺ ਨੇ ਫ਼ਰਮਾਇਆ: ਤੁਹਾਡੇ 'ਤੇ ਸੱਚ ਫ਼ਰਜ਼ ਹੈ ਕਿਉਂਕਿ ਸੱਚ **ਨੇਕੀ** ਵੱਲ ਲੈ ਜਾਂਦਾ ਹੈ ਅਤੇ ਨੇਕੀ **ਜੰਨਤ** ਵੱਲ ਲੈ ਜਾਂਦੀ ਹੈ। ਕੋਈ ਸ਼ਖ਼ਸ ਲਗਾਤਾਰ ਸੱਚ ਬੋਲਦਾ ਹੈ ਅਤੇ ਸੱਚ ਦੀ ਜੁਸਤਜੂ ਵਿੱਚ ਲੱਗਿਆ ਰਹਿੰਦਾ ਹੈ ਇੱਥੋਂ ਤੱਕ ਕਿ ਉਹ ਅੱਲਾਹ ਦੇ ਹਜ਼ੂਰ **ਸਿੱਦੀਕ਼** (ਸੱਚਾ) ਲਿਖਿਆ ਜਾਂਦਾ ਹੈ। ਤੁਸੀਂ ਝੂਠ ਤੋਂ ਬਚੋ ਕਿਉਂਕਿ ਝੂਠ **ਬਦਕਾਰੀ** ਵੱਲ ਲੈ ਜਾਂਦਾ ਹੈ ਅਤੇ ਬਦਕਾਰੀ **ਅੱਗ** ਵੱਲ ਲੈ ਜਾਂਦੀ ਹੈ। ਆਦਮੀ ਝੂਠ ਬੋਲਦਾ ਚਲਿਆ ਜਾਂਦਾ ਹੈ ਇੱਥੋਂ ਤੱਕ ਕਿ ਉਹ ਅੱਲਾਹ ਦੇ ਹਜ਼ੂਰ **ਕੱਜ਼ਾਬ** (ਝੂਠਾ) ਲਿਖਿਆ ਜਾਂਦਾ ਹੈ। ਇੱਕ ਹੋਰ ਮੌਕ਼ੇ 'ਤੇ ਆਪ ﷺ ਨੇ ਫ਼ਰਮਾਇਆ ਕਿ ਬੇਸ਼ੱਕ ਝੂਠ ਕਿਸੇ ਹਾਲ ਵਿੱਚ ਦਰੁਸਤ ਨਹੀਂ, ਨਾ **ਸੰਜੀਦਗੀ** ਵਿੱਚ ਅਤੇ ਨਾ **ਮਖੌਲ** ਵਿੱਚ, ਨਾ ਇਹ ਕਿ ਕੋਈ ਸ਼ਖ਼ਸ ਆਪਣੇ ਬੱਚੇ ਨਾਲ਼ ਵਾਅਦਾ ਕਰੇ ਅਤੇ ਫਿਰ ਉਸ ਨੂੰ ਪੂਰਾ ਨਾ ਕਰੇ।

ਹਜ਼ਰਤ ਅੱਲਾਮਾ ਰਾਜ਼ੀ ਰਹਮਤੁੱਲਾਹਿ ਅਲੈਹਿ ਸੂਰਃ ਤੌਬਾ ਆਯਤ 19 ਦੀ ਤਫ਼ਸੀਰ ਵਿੱਚ ਫ਼ਰਮਾਉਂਦੇ ਹਨ ਕਿ ਇੱਕ ਸ਼ਖ਼ਸ ਨਬੀ ਕਰੀਮ ﷺ ਦੇ ਕੋਲ਼ ਆਇਆ ਅਤੇ ਉਸ ਨੇ ਕਿਹਾ ਕਿ ਮੈਂ ਅਜਿਹਾ ਸ਼ਖ਼ਸ ਹਾਂ ਜੋ ਚਾਹੁੰਦਾ ਹਾਂ ਕਿ ਆਪਣੀਆਂ ਬੁਰਾਈਆਂ ਤੋਂ ਬਚਾਂ ਲੇਕਿਨ ਮੇਰੇ ਵਿੱਚ **ਸ਼ਰਾਬ**, **ਚੋਰੀ**, **ਜ਼ਿਨਾ** ਅਤੇ **ਝੂਠ** ਦੀਆਂ ਆਦਤਾਂ ਬਹੁਤ ਜ਼ਿਆਦਾ ਪਾਈਆਂ ਜਾਂਦੀਆਂ ਹਨ। ਲੋਕ ਕਹਿੰਦੇ ਹਨ ਕਿ ਆਪ ﷺ ਇਨ੍ਹਾਂ ਚੀਜ਼ਾਂ ਨੂੰ ਹਰਾਮ ਕ਼ਰਾਰ ਦਿੰਦੇ ਹੋ। ਮੇਰੇ ਵਿੱਚ ਪੂਰੀ ਤਾਕ਼ਤ ਨਹੀਂ ਕਿ ਮੈਂ ਇਨ੍ਹਾਂ ਸਭ ਨੂੰ ਛੱਡ ਸਕਾਂ। ਜੇਕਰ ਤੁਸੀਂ ਇੱਕ 'ਤੇ ਬੱਸ ਕਰੋ ਤਾਂ ਮੈਂ ਆਪ ﷺ 'ਤੇ ਇਮਾਨ ਲੈ ਆਵਾਂਗਾ। ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਫ਼ਰਮਾਇਆ ਕਿ ਠੀਕ ਹੈ ਤੂੰ ਝੂਠ ਨੂੰ ਛੱਡ ਦੇ। ਉਸ ਨੇ ਝੂਠ ਛੱਡਣ ਦਾ ਕ਼ੌਲ ਕਰ ਲਿਆ ਅਤੇ ਮੁਸਲਮਾਨ ਹੋ ਗਿਆ। ਫਿਰ ਜਦ ਉਹ ਨਬੀ ਕਰੀਮ ﷺ ਦੇ ਕੋਲੋਂ ਨਿਕਲਿਆ ਤਾਂ ਉਸ ਨੂੰ ਇਨ੍ਹਾਂ ਸਾਰੀਆਂ ਬੁਰਾਈਆਂ ਦੇ ਮੌਕ਼ੇ ਪੇਸ਼ ਆਏ ਅਤੇ ਇਸ ਖ਼ਿਆਲ ਨਾਲ਼ ਕਿ ਜੇ ਉਹ ਇਨ੍ਹਾਂ ਬੁਰਾਈਆਂ ਨੂੰ ਕਰੇਗਾ ਅਤੇ ਨਬੀ ਕਰੀਮ ﷺ ਨੇ ਉਸ ਕੋਲੋਂ ਪੁੱਛਿਆ ਤਾਂ ਉਸ ਨੂੰ ਸੱਚ ਬੋਲਣਾ ਪਵੇਗਾ ਅਤੇ ਉਹ ਇਸ ਤਰ੍ਹਾਂ ਇਨ੍ਹਾਂ ਸਾਰੀਆਂ ਬੁਰਾਈਆਂ ਤੋਂ ਬਚਦਾ ਚਲਾ ਗਿਆ।

ਹਜ਼ਰਤ ਅਬੂ ਬਕਰ ਸਿੱਦੀਕ਼ ਰਜ਼ਿ ਅੱਲਾਹੁ ਅਨਹੁ ਨੂੰ ਜਦ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਦੇ ਨਬੁੱਵਤ ਦੇ ਦਾਅਵੇ ਦਾ ਪਤਾ ਲੱਗਿਆ ਤਾਂ ਆਪ ਰਜ਼ਿ ਅੱਲਾਹੁ ਅਨਹੁ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਦੇ ਕੋਲ਼ ਆਏ ਅਤੇ ਅਰਜ਼ ਕੀਤਾ ਕਿ ਮੈਨੂੰ ਆਪ ﷺ ਦੇ ਬਾਰੇ ਇੱਕ ਗੱਲ ਪਹੁੰਚੀ ਹੈ। ਆਪ ﷺ ਨੇ ਫ਼ਰਮਾਇਆ ਐ ਅਬੂ ਬਕਰ! ਤੈਨੂੰ ਮੇਰੇ ਬਾਰੇ ਕੀ ਗੱਲ ਪਹੁੰਚੀ ਹੈ? ਹਜ਼ਰਤ ਅਬੂ ਬਕਰ ਰਜ਼ਿ ਅੱਲਾਹੁ ਅਨਹੁ ਨੇ ਅਰਜ਼ ਕੀਤਾ ਕਿ ਇਹੀ ਕਿ

ਆਪ ﷺ ਲੋਕਾਂ ਨੂੰ ਅੱਲਾਹ ਤਆਲਾ ਦੀ ਤੌਹੀਦ ਵੱਲ ਬੁਲਾਉਂਦੇ ਹੋ ਅਤੇ ਆਪ ﷺ ਕਹਿੰਦੇ ਹੋ ਕਿ ਆਪ ﷺ ਅੱਲਾਹ ਦੇ ਰਸੂਲ ਹੋ। ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਫ਼ਰਮਾਇਆ ਕਿ ਹਾਂ! ਮੇਰੇ ਖ਼ੁਦਾ ਨੇ ਮੈਨੂੰ **ਬਸ਼ੀਰ** (ਖ਼ੁਸ਼ਖ਼ਬਰੀ ਦੇਣ ਵਾਲ਼ਾ) ਅਤੇ **ਨਜ਼ੀਰ** (ਡਰਾਉਣ ਵਾਲ਼ਾ) ਬਣਾਇਆ ਹੈ ਅਤੇ ਮੈਨੂੰ ਇਬਰਾਹੀਮ ؑ ਦੀ ਦੁਆ ਬਣਾਇਆ ਹੈ ਅਤੇ ਮੈਨੂੰ ਤਮਾਮ ਇਨਸਾਨਾਂ ਵੱਲ ਭੇਜਿਆ ਹੈ। ਹਜ਼ਰਤ ਅਬੂ ਬਕਰ ਰਜ਼ਿ ਅੱਲਾਹੁ ਅਨਹੁ ਨੇ ਅਰਜ਼ ਕੀਤਾ ਕਿ ਅੱਲਾਹ ਦੀ ਕ਼ਸਮ! ਮੈਂ ਕਦੀ ਆਪ ﷺ ਨੂੰ ਝੂਠ ਬੋਲਦੇ ਨਹੀਂ ਦੇਖਿਆ। ਆਪ ﷺ ਆਪਣੀ ਅਮਾਨਤ ਦੀ ਅਜ਼ਮਤ, ਸਿਲਾ ਰਹਿਮੀ ਅਤੇ ਚੰਗੇ ਕਰਮਾਂ ਦੀ ਵਜ੍ਹਾ ਨਾਲ਼ ਨਬੁੱਵਤ ਦੇ ਜ਼ਿਆਦਾ ਹੱਕ਼ਦਾਰ ਹੋ। ਆਪਣਾ ਹੱਥ ਵਧਾਓ ਤਾਂ ਜੋ ਮੈਂ ਆਪ ﷺ ਦੀ  ਬੈਅਤ ਕਰਾਂ। ਇਸ 'ਤੇ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਆਪਣਾ ਮੁਬਾਰਕ ਹੱਥ ਅੱਗੇ ਕੀਤਾ ਅਤੇ ਹਜ਼ਰਤ ਅਬੂ ਬਕਰ ਰਜ਼ਿ ਅੱਲਾਹੁ ਅਨਹੁ ਨੇ ਆਪ ﷺ ਦੀ  ਬੈਅਤ ਕੀਤੀ।

ਹਜ਼ਰਤ ਖ਼ਦੀਜਾ ਰਜ਼ਿ ਅੱਲਾਹੁ ਅਨਹਾ ਨੇ ਵਹੀ ਉਤਰਨ ਦੇ ਸ਼ੁਰੂਆਤੀ ਦਿਨਾਂ ਵਿੱਚ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਦੀ ਅਮਾਨਤ ਅਤੇ ਸੱਚਾਈ 'ਤੇ ਜਿਹੜੇ **ਅਜ਼ੀਮੁੱਸ਼ ਸ਼ਾਨ ਅਲਫ਼ਾਜ਼** ਫ਼ਰਮਾਏ, ਉਨ੍ਹਾਂ ਦਾ ਜ਼ਿਕਰ ਕਰਦੇ ਹੋਏ ਹਜ਼ਰਤ ਖ਼ਲੀਫ਼ਾ ਅੱਵਲ ਰਜ਼ਿ ਅੱਲਾਹੁ ਅਨਹੁ ਫ਼ਰਮਾਉਂਦੇ ਹਨ: ਗ਼ੌਰ ਕਰੋ ਕਿ 55 ਸਾਲਾ ਬੀਬੀ ਆਪ ﷺ ਦੀ ਹਮ ਸ਼ਹਿਰ, ਹਮ ਕ਼ੌਮ, ਜਿਹੜੀ 15 ਸਾਲ ਤੋਂ ਆਪ ﷺ ਦੇ ਵਿਆਹ ਵਿੱਚ ਹੈ ਕੀ ਗਵਾਹੀ ਦਿੰਦੀ ਹੈ। ਹਜ਼ਰਤ ਖ਼ਦੀਜਾ ਰਜ਼ਿ ਅੱਲਾਹੁ ਅਨਹਾ ਦੀ ਗਵਾਹੀ ਅਜਿਹੇ ਵਕ਼ਤ ਵਿੱਚ ਜਦ ਆਪ ﷺ ਗ਼ਮਗੀਨ ਅਤੇ ਪਰੇਸ਼ਾਨ ਸਨ, ਗ਼ੌਰ ਦੇ ਕ਼ਾਬਿਲ ਹੈ। ਜੇਕਰ ਆਪ ﷺ ਵਿੱਚ ਇਹ ਸਿਫ਼ਤਾਂ ਨਾ ਹੁੰਦੀਆਂ ਤਾਂ ਹਜ਼ਰਤ ਖ਼ਦੀਜਾ ਰਜ਼ਿ ਅੱਲਾਹੁ ਅਨਹਾ ਦਾ ਬਿਆਨ ਉਸ ਵੇਲ਼ੇ ਹਰਗਿਜ਼ ਤਸੱਲੀ ਬਖ਼ਸ਼ ਨਾ ਹੁੰਦਾ।

ਸ਼ਿਅਬਿ ਅਬੀ ਤਾਲਿਬ ਵਿੱਚ ਜਦ ਘੇਰੇ ਦਾ ਤੀਸਰਾ ਸਾਲ ਹੋਣ ਨੂੰ ਆਇਆ ਤਾਂ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਅੱਲਾਹ ਤਆਲਾ ਤੋਂ ਖ਼ਬਰ ਪਾ ਕੇ ਆਪਣੇ ਚਾਚਾ ਅਬੂ ਤਾਲਿਬ ਨੂੰ ਸੂਚਨਾ ਦਿੱਤੀ ਕਿ ਬਨੂ ਹਾਸ਼ਿਮ ਦੇ ਬਾਈਕਾਟ ਦੀ ਜਿਹੜੀ **ਸੰਧੀ** ਖ਼ਾਨਿ ਕਅਬਾ ਵਿੱਚ ਲਟਕਾਈ ਗਈ ਸੀ, ਉਸ ਦੀ ਸਾਰੀ ਇਬਾਰਤ ਨੂੰ ਅੱਲਾਹ ਤਆਲਾ ਦੇ ਜ਼ਿਕਰ ਦੇ ਸਿਵਾ **ਸਿਉਂਕ** ਖਾ ਗਈ। ਹਜ਼ਰਤ ਅਬੂ ਤਾਲਿਬ ਨੂੰ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਦੇ ਕ਼ੌਲ 'ਤੇ ਅਜਿਹਾ ਯਕ਼ੀਨ ਸੀ ਕਿ ਉਨ੍ਹਾਂ ਨੇ ਆਪਣੇ ਭਾਈਆਂ ਨਾਲ਼ ਇਸ ਗੱਲ ਦਾ ਜ਼ਿਕਰ ਕਰਦੇ ਹੋਏ ਕਿਹਾ ਕਿ ਮੁਹੰਮਦ ﷺ ਨੇ ਅੱਜ ਤੱਕ ਮੇਰੇ ਨਾਲ਼ ਝੂਠ ਨਹੀਂ ਬੋਲਿਆ। ਚੁਨਾਂਚਿ ਉਹ ਉਨ੍ਹਾਂ ਦੇ ਨਾਲ਼ ਕ਼ੁਰੈਸ਼ ਦੇ ਸਰਦਾਰਾਂ ਦੇ ਕੋਲ਼ ਗਏ। ਉਨ੍ਹਾਂ ਨੇ ਕਿਹਾ ਕਿ ਮੇਰੇ ਭਤੀਜੇ ਨੇ ਮੈਨੂੰ ਇਹ ਦੱਸਿਆ ਹੈ ਅਤੇ ਉਸ ਨੇ ਮੇਰੇ ਨਾਲ਼ ਕਦੀ ਝੂਠ ਨਹੀਂ ਬੋਲਿਆ, ਬਸ ਜੇਕਰ ਮੇਰਾ ਭਤੀਜਾ ਸੱਚਾ ਨਿਕਲਿਆ ਤਾਂ ਤੁਹਾਨੂੰ ਆਪਣੇ ਬਾਈਕਾਟ ਦੇ ਫ਼ੈਸਲੇ ਤੋਂ ਪਿੱਛੇ ਹਟਣਾ ਹੋਵੇਗਾ ਅਤੇ ਜੇਕਰ ਉਹ ਝੂਠਾ ਨਿਕਲਿਆ ਤਾਂ ਮੈਂ ਉਸਨੂੰ ਤੁਹਾਡੇ ਹਵਾਲੇ ਕਰ ਦਵਾਂਗਾ, ਫਿਰ ਚਾਹੋ ਤਾਂ ਉਸ ਨੂੰ ਕ਼ਤਲ ਕਰੋ ਚਾਹੋ ਤਾਂ ਉਸਨੂੰ ਜਿਉਂਦਾ ਰੱਖੋ। ਜਦ ਸੰਧੀ ਨੂੰ ਦੇਖਿਆ ਗਿਆ ਤਾਂ ਉਹ ਅਜਿਹੀ ਹੀ ਸੀ ਜਿਵੇਂ ਕਿ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਫ਼ਰਮਾਇਆ ਸੀ। ਚੁਨਾਂਚਿ ਕ਼ੁਰੈਸ਼ ਆਪਣੀ ਕ਼ੌਮ ਦੇ ਸਾਹਮਣੇ **ਸ਼ਰਮਿੰਦਾ** ਹੋ ਗਏ।

ਹਜ਼ੂਰ ਅਨਵਰ ਨੇ ਫ਼ਰਮਾਇਆ: ਅਬੂ ਜਹਲ ਹਜ਼ਰਤ ਮੁਹੰਮਦ ਸੱਲ-ਲੱਲਾਹੁ ਅਲੈਹਿ-ਵਸੱਲਮ ਦਾ ਕਿੰਨਾ ਵੱਡਾ ਦੁਸ਼ਮਣ ਸੀ। ਪਰ ਉਸ ਨੇ ਵੀ ਇੱਕ ਮੌਕ਼ੇ 'ਤੇ ਕਹਿ ਦਿੱਤਾ, ਜਿਹੜਾ ਹਜ਼ਰਤ ਮੁਸਲਿਹ ਮੌਊਦ ਰਜ਼ਿ ਅੱਲਾਹੁ ਅਨਹੁ ਨੇ ਬਿਆਨ ਕੀਤਾ ਹੈ, ਕਿ ਅਸੀਂ ਤੈਨੂੰ ਝੂਠਾ ਨਹੀਂ ਕਹਿੰਦੇ ਅਸੀਂ ਤਾਂ ਉਸ ਸਿੱਖਿਆ ਨੂੰ ਨਕਾਰਦੇ ਹਾਂ ਜਿਸ ਨੂੰ ਤੂੰ ਪੇਸ਼ ਕਰ ਰਿਹਾ ਹੈਂ। ਗੋਇਆ ਅਬੂ ਜਹਲ ਵਰਗੇ ਦੁਸ਼ਮਣ ਅਤੇ ਕਾਲ਼ੇ ਦਿਲ ਦੇ ਇਨਸਾਨ ਦਾ ਦਿਲ ਵੀ ਹਜ਼ਰਤ ਮੁਹੰਮਦ ਸੱਲ-ਲੱਲਾਹੁ ਅਲੈਹਿ-ਵਸੱਲਮ ਨੂੰ ਝੂਠਾ ਕਹਿਣ ਲਈ ਤਿਆਰ ਨਹੀਂ ਸੀ। ਉਮੱਯਾ ਬਿਨ ਖ਼ਲਫ਼ ਵੀ ਆਪ ﷺ ਦਾ ਇੱਕ ਸ਼ਦੀਦ ਦੁਸ਼ਮਣ ਸੀ ਪਰ ਇੱਕ ਮੌਕ਼ੇ 'ਤੇ ਉਸ ਦੀ ਜ਼ੁਬਾਨ 'ਚੋਂ ਵੀ ਇਹ ਅਲਫ਼ਾਜ਼ ਨਿਕਲ਼ ਗਏ ਕਿ ਖ਼ੁਦਾ ਦੀ ਕ਼ਸਮ ਜਦ ਮੁਹੰਮਦ ﷺ ਗੱਲ ਕਰਦਾ ਹੈ ਤਾਂ ਸੱਚੀ ਹੀ ਕਰਦਾ ਹੈ, ਝੂਠ ਨਹੀਂ ਬੋਲਦਾ। ਕਹਿੰਦੇ ਹਨ ਜਾਦੂ ਉਹ ਜਿਹੜਾ ਸਿਰ ਚੜ ਕੇ ਬੋਲੇ। ਹਜ਼ਰਤ ਮੁਹੰਮਦ ਸੱਲ-ਲੱਲਾਹੁ ਅਲੈਹਿ-ਵਸੱਲਮ ਦਾ ਇਹ ਕਿੰਨਾ ਵੱਡਾ ਜਾਦੂ ਹੈ ਕਿ ਆਪ ﷺ ਨੇ ਆਪਣੇ ਦੁਸ਼ਮਣਾਂ ਕੋਲੋਂ ਵੀ ਆਪਣੀ **ਸੱਚਾਈ** ਅਤੇ **ਰਾਸ੍ਤਬਾਜ਼ੀ** ਮਨਵਾ ਲਈ।

ਮਦੀਨੇ ਦੇ ਯਹੂਦੀਆਂ ਦੀ ਗਵਾਹੀ ਵੀ ਮਿਲ਼ਦੀ ਹੈ ਕਿ ਮੁਸਲਮਾਨਾਂ ਅਤੇ ਯਹੂਦੀ ਕ਼ਬੀਲੇ ਬਨੂ ਕੁਰੈਜ਼ਾ ਦੇ ਦਰਮਿਆਨ ਆਪਸੀ ਸਹਾਇਤਾ ਦੀ ਸੰਧੀ ਸੀ। **ਜੰਗਿ ਅਹਜ਼ਾਬ** ਦੇ ਦੌਰਾਨ ਬਨੂ ਨਜ਼ੀਰ ਦਾ ਸਰਦਾਰ ਹੁਯੀ ਬਿਨ ਅਖ਼ਤਬ ਬਨੂ ਕੁਰੈਜ਼ਾ ਦੇ ਸਰਦਾਰ ਕਅਬ ਬਿਨ ਅਸਦ ਕੁਰਜ਼ੀ ਦੇ ਕੋਲ਼ ਗਿਆ ਅਤੇ ਉਸਨੂੰ ਮੁਸਲਮਾਨਾਂ ਨਾਲ਼ ਸੰਧੀ ਤੋੜਨ ਅਤੇ ਕੁਰੈਸ਼ ਦੀ ਮਦਦ ਕਰਨ ‘ਤੇ ਅਮਾਦਾ ਕਰਨ ਦੀ ਕੋਸ਼ਿਸ਼ ਕੀਤੀ ਤਾਂ ਜੋ ਮੁਸਲਮਾਨਾਂ ਨੂੰ ਹਰਾਇਆ ਜਾਵੇ। ਇਸ ਮੌਕ਼ੇ ‘ਤੇ ਕਅਬ ਬਿਨ ਅਸਦ ਜਿਹੜਾ ਬਨੂ ਕੁਰੈਜ਼ਾ ਦਾ ਸਰਦਾਰ ਅਤੇ ਮੁਸਲਮਾਨਾਂ ਦਾ ਦੁਸ਼ਮਣ ਸੀ ਕਹਿ ਉੱਠਿਆ ਕਿ ਮੈਂ ਮੁਹੰਮਦ ﷺ ਨਾਲ਼ **ਸੰਧੀ** ਕੀਤੀ ਹੈ ਅਤੇ ਮੈਂ ਹਰਗਿਜ਼ ਇਸ ਸੰਧੀ ਨੂੰ ਤੋੜਨ ਵਾਲ਼ਾ ਨਹੀਂ ਹਾਂ ਅਤੇ ਮੈਂ ਆਪ ﷺ ਕੋਲ਼ੋਂ **ਵਫ਼ਾਦਾਰੀ** ਅਤੇ **ਸੱਚਾਈ** ਦੇ ਸਿਵਾ ਕੁੱਝ ਨਹੀਂ ਦੇਖਿਆ।

ਇੱਕ ਮੌਕ਼ੇ ‘ਤੇ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਫ਼ਰਮਾਇਆ ਕਿ ਮੈਂ ਮਖੌਲ ਜ਼ਰੂਰ ਕਰਦਾ ਹਾਂ ਪਰ ਇਸ ਵਿੱਚ ਵੀ ਸਿਰਫ਼ ਸੱਚੀ ਗੱਲ ਕਰਦਾ ਹਾਂ। ਇਸੇ ਤਰ੍ਹਾਂ ਫ਼ਰਮਾਇਆ ਕਿ ਹਲਾਕਤ ਹੈ ਉਸ ਸ਼ਖ਼ਸ ‘ਤੇ ਜਿਹੜਾ ਗੱਲ ਕਰਦਾ ਹੈ ਤਾਂ ਝੂਠ ਬੋਲਦਾ ਹੈ ਤਾਂ ਜੋ ਉਸ ਦੀ ਵਜ੍ਹਾ ਨਾਲ਼ ਲੋਕ ਹੱਸ ਪੈਣ।

ਹਜ਼ਰਤ ਮੁਸਲਿਹ ਮੌਊਦ ਰਜ਼ਿ ਅੱਲਾਹੁ ਅਨਹੁ ਫ਼ਰਮਾਉਂਦੇ ਹਨ ਕਿ ਨਬੀ ਕਰੀਮ ﷺ ਦਾ ਜ਼ਾਤੀ ਮੁਕ਼ਾਮ ਤਾਂ ਸੱਚ ਦੇ ਬਾਰੇ ਇੰਨਾ ਉੱਚਾ ਸੀ ਕਿ ਆਪ ﷺ ਦੀ ਕ਼ੌਮ ਨੇ ਆਪ ﷺ ਦਾ ਨਾਮ ਹੀ **ਸਿੱਦੀਕ਼** ਰੱਖ ਦਿੱਤਾ ਸੀ। ਆਪ ﷺ ਆਪਣੀ ਜਮਾਅਤ ਨੂੰ ਵੀ ਸੱਚਾਈ ‘ਤੇ ਕ਼ਾਇਮ ਰਹਿਣ ਦੀ ਹਮੇਸ਼ਾ ਤਲਕ਼ੀਨ ਫ਼ਰਮਾਉਂਦੇ ਸਨ। ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਫ਼ਰਮਾਇਆ ਕਰਦੇ ਸਨ ਕਿ ਸੱਚ ਹੀ **ਨੇਕੀ** ਵੱਲ ਤਵੱਜੋ ਦਵਾਉਂਦਾ ਹੈ ਅਤੇ ਨੇਕੀ ਇਨਸਾਨ ਨੂੰ **ਜੰਨਤ** ਦਵਾਉਂਦੀ ਹੈ। ਸੱਚ ਦਾ ਅਸਲ ਮੁਕ਼ਾਮ ਇਹ ਹੈ ਕਿ ਇਨਸਾਨ ਸੱਚ ਬੋਲਦਾ ਚਲਾ ਜਾਵੇ ਇੱਥੋਂ ਤੱਕ ਕਿ ਖ਼ੁਦਾ ਦੇ ਹਜ਼ੂਰ ਵੀ ਸੱਚਾ ਸਮਝਿਆ ਜਾਵੇ।

ਹਜ਼ੂਰ ਅਨਵਰ ਨੇ ਫ਼ਰਮਾਇਆ ਕਿ ਅੱਜ ਹਰ ਅਹਮਦੀ ਦਾ ਕੰਮ ਹੈ ਕਿ ਅਸੀਂ ਆਪਣੇ **ਜਾਇਜ਼ੇ** ਲਈਏ ਕਿ ਸਾਡੇ ਸੱਚਾਈ ਦੇ ਮਿਆਰ ਕੀ ਹਨ ਅਤੇ ਜਿਹੜੀਆਂ ਕਮਜ਼ੋਰੀਆਂ ਹਨ ਉਨ੍ਹਾਂ ਨੂੰ ਅਸੀਂ ਦੂਰ ਕਰਨਾ ਹੈ।

ਆਖ਼ਿਰ ‘ਤੇ ਹਜ਼ੂਰ ਅਨਵਰ ਨੇ ਮੁਹਤਰਮਾ ਸ਼ਾਹਿਦਾ ਅਹਮਦ ਸਾਹਿਬਾ ਐਹਲੀਆ ਮਿਰਜ਼ਾ ਨਸੀਮ ਅਹਮਦ ਸਾਹਿਬ ਦੀ **ਨਮਾਜ਼ਿ ਜਨਾਜ਼ਾ ਗ਼ਾਇਬ** ਪੜ੍ਹਾਉਣ ਦਾ ਐਲਾਨ ਫ਼ਰਮਾਇਆ।

أَلْحَمْدُ لِلّٰهِ نَحْمَدُهٗ وَنَسْتَعِيْنُهٗ وَنَسْتَغْفِرُهٗ وَنُؤْمِنُ بِهٖ وَ نَتَوَكَّلُ عَلَيْهِ وَنَعُوْذُ بِاللّٰهِ مِنْ شُرُوْرِ أَنْفُسِنَا وَمِنْ سَيِّاٰتِ أَعْمَالِنَا مَنْ يَّهْدِهِ اللّٰهُ فَلَا مُضِلَّ لَهٗ وَمَنْ يُّضْلِلْهُ فَلَا هَادِيَ لَهٗ ۞ وَنَشْهَدُ أَنْ لَّآ إِلٰهَ إِلَّا اللّٰهُ وَحْدَهٗ لَا شَرِيْكَ لَهٗ وَنَشْهَدُ أَنَّ مُحَمَّدًا عَبْدُهٗ وَ رَسُوْلُهٗ ۞ عِبَادَ اللّٰهِ رَحِمَكُمُ اللّٰهِ إِنَّ اللّٰهَ يَأْمُرُ بِالْعَدْلِ وَالْإِحْسَانِ وَ إِيْتَآءِ ذِى الْقُرْبٰى وَيَنْهٰى عَنِ الْفَحْشَآءِ وَالْمُنْكَرِ وَالْبَغْيِ ۚ يَعِظُكُمْ لَعَلَّكُمْ تَذَكَّرُوْنَ أُذْكُرُوا اللّٰهَ يَذْكُرْكُمْ وَادْعُوْهُ يَسْتَجِبْ لَكُمْ وَلَذِكْرُ اللّٰهِ أَكْبَرُ ۞